# Prime Minister NarendraModi and Prime Minister of MauritiusPravindJugnauth to jointly inaugurate the new Supreme Court Building of Mauritius

July 28, 2020

…………………………………………………………………………………

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਪ੍ਰਵਿੰਦ ਜਗਨਨਾਥ ਕਰਨਗੇ ਮਾਰੀਸ਼ਸ ਦੀ ਸੁਪਰੀਮ ਕੋਰਟ ਦੀ ਨਵੀਂ ਇਮਾਰਤ ਦਾ ਸਾਂਝੇ ਤੌਰ 'ਤੇ ਉਦਘਾਟਨ

28 ਜੁਲਾਈ, 2020

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਪ੍ਰਵਿੰਦ ਜਗਨਨਾਥ 30 ਜੁਲਾਈ, 2020 ਨੂੰ ਮਾਰੀਸ਼ਸ ਦੀ ਸੁਪਰੀਮ ਕੋਰਟ ਦੀ ਨਵੀਂ ਇਮਾਰਤ ਦਾ ਸਾਂਝੇ ਤੌਰ 'ਤੇ ਉਦਘਾਟਨ ਕਰਨਗੇ। ਇਹ ਉਦਘਾਟਨ ਸਮਾਰੋਹ ਮਾਰੀਸ਼ਸ ਦੀ ਨਿਆਂਪਾਲਿਕਾ ਦੇ ਸੀਨੀਅਰ ਮੈਂਬਰਾਂ ਅਤੇ ਦੋਨਾਂ ਦੇਸ਼ਾਂ ਦੇ ਹੋਰ ਪਤਵੰਤੇ ਸੱਜਣਾਂ ਦੀ ਮੌਜੂਦਗੀ ਵਿੱਚ ਵੀਡੀਓ-ਕਾਨਫਰੰਸ ਰਾਹੀਂ ਹੋਵੇਗਾ। ਇਸ ਇਮਾਰਤ ਦੀ ਸਿਰਜਣਾ ਭਾਰਤ ਵੱਲੋਂ ਦਿੱਤੀ ਗਈ ਗ੍ਰਾਂਟ ਸਹਾਇਤਾ ਨਾਲ ਕੀਤੀ ਗਈ ਹੈ ਅਤੇ ਕੋਵਿਡ ਦੇ ਹੋਣ ਤੋਂ ਬਾਅਦ ਰਾਜਧਾਨੀ ਪੋਰਟ ਲੁਈ ਅੰਦਰ ਭਾਰਤ ਦੀ ਸਹਾਇਤਾ ਪ੍ਰਾਪਤ ਪਹਿਲਾ ਬੁਨਿਆਦੀ ਢਾਂਚਾ ਪ੍ਰਾਜੈਕਟ ਹੋਵੇਗਾ।

ਸੁਪਰੀਮ ਕੋਰਟ ਦੀ ਨਵੀਂ ਇਮਾਰਤ ਦਾ ਪ੍ਰਾਜੈਕਟ ਉਨ੍ਹਾਂ ਪੰਜ ਪ੍ਰਾਜੈਕਟਾਂ ਵਿਚ ਸ਼ਾਮਲ ਹੈ ਜੋ ਭਾਰਤ ਸਰਕਾਰ ਦੁਆਰਾ 2016 ਵਿੱਚ ਮਾਰੀਸ਼ਸ ਨੂੰ ਦਿੱਤੇ ਗਏ 35.3 ਕਰੋੜ ਅਮਰੀਕੀ ਡਾਲਰ ਦੇ 'ਵਿਸ਼ੇਸ਼ ਆਰਥਿਕ ਪੈਕੇਜ' ਤਹਿਤ ਬਣਾਏ ਜਾਣੇ ਹਨ। ਇਹ ਪ੍ਰਾਜੈਕਟ ਆਪਣੇ ਤੈਅ ਸਮੇਂ ਅੰਦਰ ਬਣਿਆ ਹੈ ਅਤੇ ਇਸ 'ਤੇ ਸੰਭਾਵਤ ਲਾਗਤ ਤੋਂ ਘੱਟ ਖਰਚਾ ਹੋਇਆ ਹੈ। ਇਹ ਇਮਾਰਤ 4700 ਵਰਗ ਮੀਟਰ ਤੋਂ ਵੱਧ ਰਕਬੇ ਵਿੱਚ ਫੈਲੀ ਹੋਈ ਹੈ, ਜਿਸ ਅੰਦਰ 10 ਮੰਜ਼ਿਲਾਂ ਹਨ ਅਤੇ ਲਗਭਗ 25,000 ਵਰਗ ਮੀਟਰ ਦਾ ਬਿਲਟ-ਅਪ ਰਕਬਾ ਹੈ। ਇਸ ਆਧੁਨਿਕ ਡਿਜ਼ਾਈਨ ਵਾਲੀ ਹਰਿਤ ਇਮਾਰਤ ਵਿੱਚ ਗਰਮੀ ਅਤੇ ਆਵਾਜ਼ ਨੂੰ ਬਾਹਰ ਰੱਖਣ ਅਤੇ ਊਰਜਾ ਕੁਸ਼ਲਤਾ 'ਤੇ ਧਿਆਨ ਦਿੱਤਾ ਗਿਆ ਹੈ।

ਅਕਤੂਬਰ, 2019 ਵਿੱਚ ਪ੍ਰਧਾਨ ਮੰਤਰੀ ਮੋਦੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਆਰਥਿਕ ਪੈਕੇਜ ਦੇ ਤਹਿਤ ਮਾਰੀਸ਼ਸ ਵਿੱਚ ਬਣੇ ਮੈਟਰੋ ਐਕਸਪ੍ਰੈਸ ਪ੍ਰੋਜੈਕਟ ਦੇ ਫੇਜ਼-1 ਅਤੇ ਮਾਰੀਸ਼ਸ ਵਿੱਚ ਬਣੇ ਨਵੇਂ ਈਐਨਟੀ ਹਸਪਤਾਲ ਦੇ ਪ੍ਰਾਜੈਕਟਾਂ ਦਾ ਸਾਂਝੇ ਤੌਰ 'ਤੇ ਉਦਘਾਟਨ ਕੀਤਾ ਸੀ। ਮੈਟਰੋ ਐਕਸਪ੍ਰੈਸ ਪ੍ਰੋਜੈਕਟ ਦੇ ਫੇਜ਼ -1 ਦੇ ਤਹਿਤ ਪਿਛਲੇ ਸਾਲ ਸਤੰਬਰ ਵਿੱਚ 12 ਕਿਲੋਮੀਟਰ ਮੈਟਰੋ-ਲਾਈਨ ਦੀ ਸਿਰਜਣਾ ਪੂਰੀ ਹੋਈ ਸੀ, ਜਦੋਂ ਕਿ ਇਸ ਦੇ ਫੇਜ਼ -2 ਦੇ ਤਹਿਤ 14 ਕਿਲੋਮੀਟਰ ਲੰਬੀ ਮੈਟਰੋ-ਲਾਈਨ ਬਣਾਉਣ ਦੀ ਤਜਵੀਜ਼ ਹੈ। ਈਐਨਟੀ ਹਸਪਤਾਲ ਦੇ ਪ੍ਰਾਜੈਕਟ ਦੇ ਜ਼ਰੀਏ ਭਾਰਤ ਨੇ ਮਾਰੀਸ਼ਸ ਵਿੱਚ 100 ਬਿਸਤਰਿਆਂ ਵਾਲੇ ਅਤਿ-ਆਧੁਨਿਕ ਈਐਨਟੀ ਹਸਪਤਾਲ ਦੀ ਸਿਰਜਣਾ ਵਿੱਚ ਮਦਦ ਕੀਤੀ।

ਆਸ ਕੀਤੀ ਜਾਂਦੀ ਹੈ ਕਿ ਸੁਪਰੀਮ ਕੋਰਟ ਦੀ ਇਹ ਨਵੀਂ ਇਮਾਰਤ ਦੋਨਾਂ ਦੇਸ਼ਾਂ ਦੀ ਮਜ਼ਬੂਤ ਦੁਵੱਲੀ ਭਾਈਵਾਲੀ ਦਾ ਪ੍ਰਤੀਕ ਬਣ ਕੇ ਸਿਟੀ ਸੈਂਟਰ ਵਿੱਚ ਇੱਕ ਮਹੱਤਵਪੂਰਣ ਜਗ੍ਹਾ ਬਣ ਜਾਵੇਗੀ।

ਨਵੀਂ ਦਿੱਲੀ
28 ਜੁਲਾਈ, 2020

**DISCLAIMER : This is an approximate translation. The original is available in English on MEA's website and may be referred to as the official press release.**